ਏ-ਸਵੇਇਲ (ਹੈਲੋ)। ਸਾਰਿਆਂ ਨੂੰ ਸ਼ੁੱਭ ਸਵੇਰ। ਅੱਜ ਸਤੰਬਰ ਦੀ 8 ਤਰੀਕ ਹੈ, ਅਤੇ ਸਕੂਲ ਖੁੱਲਣ ਦਾ ਦਿਨ ਬਿਲਕੁਲ ਨੇੜੇ ਆ ਚੁੱਕਾ ਹੈ, ਅਤੇ ਜਦੋਂ ਤੁਸੀਂ ਇਸ ਹਫਤੇ ਲਈ ਤਿਆਰ ਹੋ ਰਹੇ ਹੋ ਮੈਂ ਤੁਹਾਡੇ ਨਾਲ ਕੁਝ ਮੁੱਖ ਸੁਨੇਹੇ ਸਾਂਝੇ ਕਰਨਾ ਚਾਹੁੰਦਾ ਹਾਂ।

ਸਭ ਤੋਂ ਪਹਿਲਾਂ, 8 ਅਤੇ 9 ਸਤੰਬਰ ਨੂੰ ਸਿਹਤ ਅਤੇ ਸੁਰੱਖਿਆ ਬਾਰੇ ਜਾਣਕਾਰੀ ਦੇ ਦਿਨਾਂ ਦੌਰਾਨ ਸਾਡੇ ਸਕੂਲਾਂ ਅਤੇ ਜ਼ਿਲ੍ਹੇ ਦੇ ਸਟਾਫ ਦਾ ਬਹੁਤ ਬਹੁਤ ਧੰਨਵਾਦ। ਇਸ ਕਰਕੇ ਹੀ ਅਸੀਂ ਸਕੂਲ ਖੋਲ੍ਹਣ ਵਿੱਚ ਦੇਰੀ ਕੀਤੀ ਹੈ, ਤਾਂ ਕਿ ਸਾਡਾ ਸਟਾਫ ਵੀਰਵਾਰ ਅਤੇ ਸ਼ੁੱਕਰਵਾਰ ਨੂੰ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਚੰਗੀ ਤਰ੍ਹਾਂ ਤਿਆਰ ਹੋ ਸਕੇ। ਇਸ ਲਈ ਜ਼ਿਲ੍ਹੇ ਵਿੱਚ ਇਹ ਸਾਡੇ ਲਈ ਦੋ ਮਹੱਤਵਪੂਰਨ ਦਿਨ ਹਨ।

ਮੈਂ ਇਸ ਹਫਤੇ ਦੀ ਮਹੱਤਤਾ ਅਤੇ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਦੇ ਵੱਖਰੇਪਣ ਬਾਰੇ ਮਾਪਿਆਂ ਨਾਲ ਖਾਸ ਕਰਕੇ ਗੱਲ ਕਰਨੀ ਚਾਹੁੰਦਾ ਹਾਂ। ਤੁਸੀਂ ਇਸ ਹਫਤੇ ਆਪਣੇ ਬੱਚੇ ਨੂੰ ਆਮ ਵਾਂਗ ਰੈਗੂਲਰ ਸਕੂਲ ਭੇਜਣ ਦੀ ਚੋਣ ਕਰ ਰਹੇ ਹੋ, ਜਿਵੇਂ ਕਿ ਸਾਡੇ 90% ਮਾਪੇ ਕਰ ਰਹੇ ਹਨ, ਜਾਂ ਤੁਸੀਂ ਐਲੀਮੈਂਟਰੀ ਜਾਂ ਸੈਕੰਡਰੀ ਸਕੂਲਾਂ ਵਿੱਚਲੇ ਸਾਡੇ ਮਿਸ਼ਰਤ ਪ੍ਰੋਗਰਾਮ ਦੀ ਚੋਣ ਕਰ ਰਹੇ ਹੋ, ਇਹ ਚੋਣ ਬਹੁਤ ਮਹੱਤਵਪੂਰਨ ਹੈ। ਅਤੇ ਇਹ ਮਹੱਤਵਪੂਰਨ ਹੈ ਕਿ ਸਾਨੂੰ ਪਤਾ ਹੋਵੇ ਕਿ ਤੁਸੀਂ ਆਪਣੇ ਬੱਚੇ ਨੂੰ ਕਿੱਥੇ ਭੇਜ ਰਹੇ ਹੋ, ਕਿਉਂਕਿ ਅਸੀਂ ਵਿਦਿਆਰਥੀਆਂ ਦੇ ਸਿੱਖਣ ਦੇ ਗਰੁੱਪ (ਲਰਨਿੰਗ ਗਰੁੱਪਸ) ਬਣਾਉਣੇ ਹਨ, ਅਤੇ ਸਕੂਲ ਸ਼ੁਰੂ ਕਰਨ ਲਈ ਅਸੀਂ ਉਨ੍ਹਾਂ ਨੂੰ ਜਿੰਨਾ ਛੇਤੀ ਸੰਭਵ ਹੋਵੇ, ਉਨੀ ਛੇਤੀ ਸਿੱਖਣ ਦੇ ਗਰੁੱਪਾਂ (ਲਰਨਿੰਗ ਗਰੁੱਪਸ) ਵਿੱਚ ਸ਼ਾਮਲ ਕਰਨਾ ਚਾਹੁੰਦੇ ਹਾਂ। ਇਹ ਕਰਨ ਲਈ ਸਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਕਿਹੜਾ ਵਿਦਿਆਰਥੀ ਕਿਸ ਪ੍ਰੋਗਰਾਮ ਵਿੱਚ ਆ ਰਿਹਾ ਹੈ।

ਜੇ ਤੁਸੀਂ ਸਾਡੇ ਮਿਸ਼ਰਤ ਪ੍ਰੋਗਰਾਮ ਦੀ ਚੋਣ ਕਰਦੇ ਹੋ, ਅਤੇ ਇਨ੍ਹਾਂ ਪ੍ਰੋਗਰਾਮਾਂ ਬਾਰੇ ਮੈਂ ਬਹੁਤ ਜ਼ਿਆਦਾ ਚੰਗਾ ਮਹਿਸੂਸ ਕਰ ਰਿਹਾ ਹਾਂ, ਤਾਂ ਮੈਂ ਤੁਹਾਨੂੰ ਯਾਦ ਕਰਵਾਉਣਾ ਚਾਹੁੰਦਾ ਹੈ ਕਿ ਇਸ ਨਾਲ ਇਕ ਮਾਪੇ ਵੱਜੋਂ ਤੁਹਾਡੀ ਜ਼ਿੰਮੇਵਾਰੀ ਬਹੁਤ ਜ਼ਿਆਦਾ ਵਧ ਜਾਂਦੀ ਹੈ, ਅਤੇ ਤੁਹਾਨੂੰ ਆਪਣੇ ਬੱਚੇ ਅਤੇ ਉਸ ਦੀ ਪੜ੍ਹਾਈ ਲਈ ਕਿੰਨੇ ਘੰਟੇ ਲਾਉਣ ਦੀ ਲੋੜ ਪਵੇਗੀ, ਉਸ ਸੰਬੰਧ ਵਿੱਚ ਤੁਹਾਡੀ ਕਾਫੀ ਵੱਡੀ ਭੂਮਿਕਾ ਬਣ ਜਾਂਦੀ ਹੈ। ਅਸੀਂ ਜਾਣਦੇ ਹਾਂ ਕਿ ਤੁਸੀਂ ਉਂਝ ਵੀ ਇਸ ਤਰ੍ਹਾਂ ਹੀ ਕਰਦੇ ਹੋ, ਪਰ ਮੈਂ ਤੁਹਾਨੂੰ ਬਹੁਤ ਸਪਸ਼ਟਤਾ ਨਾਲ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਤੁਸੀਂ ਇਹ ਚੋਣ ਕਰਦੇ ਹੋ ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਇਕ ਵੱਡੀ ਜ਼ਿੰਮੇਵਾਰੀ ਲੈ ਰਹੇ ਹੋ। ਹਮੇਸ਼ਾਂ ਵਾਂਗ ਹੀ ਤੁਹਾਡੀ ਟੀਚਰਾਂ ਅਤੇ ਮੁਹਾਰਤ ਵਾਲੀਆਂ ਹਿਦਾਇਤਾਂ (ਐਕਸਪਰਟ ਇਨਸਟ੍ਰਕਸ਼ਨ) ਤੱਕ ਪਹੁੰਚ ਹੋਵੇਗੀ, ਪਰ ਇਕ ਆਮ ਪ੍ਰੋਗਰਾਮ ਦੇ ਮੁਕਾਬਲੇ ਆਨਲਾਈਨ ਮਿਸ਼ਰਤ (ਬਲੈਂਡਿਡ) ਪ੍ਰੋਗਰਾਮ ਵਿੱਚ ਹੋਣ ਵਿਚਕਾਰ ਕਾਫੀ ਵੱਡਾ ਫਰਕ ਹੈ, ਇਸ ਲਈ ਕਿਰਪਾ ਕਰਕੇ ਇਹ ਚੋਣ ਬਹੁਤ ਸਿਆਣਪ ਨਾਲ ਕਰੋ। ਉਸ ਚੋਣ ਵਿਚਲੀ ਯਾਦ ਰੱਖਣ ਵਾਲੀ ਇਕ ਹੋਰ ਗੱਲ ਇਹ ਹੈ ਕਿ ਐਲੀਮੈਂਟਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਆਮ ਪ੍ਰੋਗਰਾਮ ਵਿੱਚ ਦੁਬਾਰਾ ਦਾਖਲ ਹੋਣ ਦੀ ਇੱਕੋ ਇੱਕ ਤਰੀਕ 1 ਜਨਵਰੀ ਹੈ। ਜਦੋਂ ਤੁਸੀਂ ਇਕ ਵਾਰ ਇਸ ਪ੍ਰੋਗਰਾਮ ਦੀ ਚੋਣ ਕਰ ਲਈ ਤਾਂ ਤੁਸੀਂ ਜਨਵਰੀ ਤੱਕ ਇਸ ਨਾਲ ਬੱਝ ਜਾਵੋਗੇ। ਸਾਡੇ ਸੈਕੰਡਰੀ ਸਕੂਲਾਂ ਵਿੱਚ ਗ੍ਰੇਡ 8 ਅਤੇ 9 ਦੇ ਵਿਦਿਆਰਥੀ ਜੇ ਇਸ ਪ੍ਰੋਗਰਾਮ ਦੀ ਚੋਣ ਕਰਦੇ ਹਨ, ਤਾਂ ਉਹਨਾਂ ਲਈ ਆਮ ਪ੍ਰੋਗਰਾਮ ਵਿੱਚ ਦੁਬਾਰਾ ਦਾਖਲ ਹੋਣ ਦੀ ਕੁਦਰਤੀ ਤਰੀਕ ਤਿਮਾਹੀਆਂ (ਕੁਆਰਟਰਜ਼) ਦੇ ਅਖੀਰ 'ਤੇ ਹੋਵੇਗੀ, ਇਸ ਦਾ ਅਰਥ ਹੈ ਕਿ ਹਰ 10 ਹਫਤਿਆਂ ਬਾਅਦ। ਇਸ ਲਈ ਯਾਦ ਰੱਖੋ ਕਿ ਜਦੋਂ ਤੁਸੀਂ ਮਿਸ਼ਰਤ (ਬਲੈਂਡਿਡ) ਪ੍ਰੋਗਰਾਮ ਦੀ ਚੋਣ ਕਰਦੇ ਹੋ, ਤਾਂ ਤੁਸੀਂ ਮਾਪਿਆਂ ਵੱਜੋਂ ਵਾਧੂ ਜ਼ਿੰਮੇਵਾਰੀ ਲੈ ਰਹੇ ਹੋ, ਅਤੇ ਤੁਹਾਨੂੰ ਦੁਬਾਰਾ ਦਾਖਲੇ ਦੀਆਂ ਇਨ੍ਹਾਂ ਤਰੀਕਾਂ ਦਾ ਪੂਰੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ। ਇਕ ਵਾਰ ਫਿਰ ਅਸੀਂ ਉਨ੍ਹਾਂ ਪ੍ਰੋਗਰਾਮਾਂ ਬਾਰੇ ਚੰਗਾ ਮਹਿਸੂਸ ਕਰ ਰਹੇ ਹਾਂ ਅਤੇ ਸਾਨੂੰ ਵਿਸ਼ਵਾਸ ਹੈ ਕਿ ਉਹ ਬਹੁਤ ਸ਼ਾਨਦਾਰ ਰਹਿਣਗੇ। ਤੁਸੀਂ ਜੋ ਵੀ ਚੋਣ ਕਰੋ, ਅਸੀਂ ਤੁਹਾਡਾ ਸਮਰਥਨ ਕਰਾਂਗੇ। ਅਸੀਂ ਸਿਰਫ ਇਹ ਚਾਹੁੰਦੇ ਹਾਂ ਕਿ ਤੁਸੀਂ ਇਹ ਫੈਸਲੇ ਜਾਣਕਾਰੀ ਭਰਪੂਰ ਢੰਗ ਨਾਲ ਕਰੋ, ਅਤੇ ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਤੁਸੀਂ ਕਿਹੜੀ ਚੋਣ ਕਰ ਰਹੇ ਹੋ ਤਾਂ ਕਿ ਅਸੀਂ ਆਪਣੇ ਸਿੱਖਣ ਦੇ ਗਰੁੱਪ (ਲਰਨਿੰਗ ਗਰੁੱਪਸ) ਬਣਾ ਸਕੀਏ।

ਮਾਪਿਆਂ ਲਈ ਯਾਦ ਰੱਖਣ ਵਾਲੀ ਅਗਲੀ ਗੱਲ ਇਹ ਹੈ ਕਿ ਹਰ ਰੋਜ਼ ਤੁਹਾਡਾ ਨਵਾਂ ਨਿੱਤਨੇਮ (ਰੁਟੀਨ) ਆਪਣੇ ਬੱਚੇ ਦੇ ਲੱਛਣ ਚੈੱਕ ਕਰਨਾ ਹੈ। ਅਸੀਂ ਨਹੀਂ ਚਾਹੁੰਦੇ ਕਿ ਜੇ ਬੱਚੇ ਬੀਮਾਰ ਹੋਣ ਤਾਂ ਉਹ ਸਕੂਲ ਆਉਣ, ਇਸ ਲਈ ਕਿਰਪਾ ਕਰਕੇ ਇਸ ਨੂੰ ਆਪਣੇ ਬੱਚੇ ਨਾਲ ਰੋਜ਼ਾਨਾ ਦੇ ਨਵੇਂ ਨਿੱਤਨੇਮ (ਰੁਟੀਨ) ਦਾ ਹਿੱਸਾ ਬਣਾਉ। ਸਟਾਫ ਦੇ ਸੰਬੰਧ ਵਿੱਚ ਵੀ ਇਹ ਹੀ ਗੱਲ ਹੈ, ਹਰ ਰੋਜ਼ ਆਪ ਆਪਣੇ ਲੱਛਣਾਂ ਨੂੰ ਚੈੱਕ ਕਰੋ। ਅਸੀਂ ਨਹੀਂ ਚਾਹੁੰਦੇ ਕਿ ਬੀਮਾਰ ਲੋਕ ਕੰਮ 'ਤੇ ਆਉਣ, ਇਸ ਲਈ ਪੱਕਾ ਕਰੋ ਕਿ ਇਹ ਗੱਲ ਤੁਹਾਡੇ ਰੋਜ਼ਾਨਾ ਦੇ ਨਿੱਤਨੇਮ (ਰੁਟੀਨ) ਦਾ ਹਿੱਸਾ ਹੈ। ਵਿਦਿਆ ਦੇ ਖੇਤਰ ਵਿੱਚ ਹੋਣ ਵਾਲੇ ਬਾਲਗਾਂ ਵੱਜੋਂ ਹੈਂਡ ਸੈਨੇਟਾਇਜ਼ਰ ਅਤੇ ਮਾਸਕ

ਸਾਡੀ ਨਵੀਂ ਦੁਨੀਆ ਦਾ ਹਿੱਸਾ ਹਨ। ਚਲੋ ਮਾਸਕਾਂ ਬਾਰੇ ਗੱਲ ਕਰੀਏ, ਇਹ ਯਾਦ ਰੱਖੋ ਕਿ ਸਟਾਫ ਅਤੇ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਲਈ ਮਾਸਕ ਪਾਉਣੇ ਜ਼ਰੂਰੀ ਹਨ, ਜਦੋਂ ਤੁਸੀਂ ਬਾਹਰ ਜ਼ਿਆਦਾ ਆਵਾਜਾਈ ਵਾਲੀਆਂ ਥਾਂਵਾਂ ਵਿੱਚ ਹੋਵੋ। ਜਦੋਂ ਤੁਸੀਂ ਆਪਣੇ ਸਿੱਖਣ ਵਾਲੇ ਗਰੁੱਪਾਂ (ਲਰਨਿੰਗ ਗਰੁੱਪਸ) ਵਿੱਚ ਹੋਵੋ ਤਾਂ ਮਾਸਕ ਪਾਉਣਾ ਤੁਹਾਡੀ ਮਰਜ਼ੀ ਹੈ। ਡਾ: ਬੌਨੀ ਹੈਨਰੀ ਐਲੀਮੈਂਟਰੀ ਸਕੂਲ ਦੇ ਵਿਦਿਆਰਥੀਆਂ ਲਈ ਮਾਸਕ ਪਾਉਣ ਦੀ ਸਿਫਾਰਿਸ਼ ਨਹੀਂ ਕਰਦੀ। ਕੁਝ ਲੋਕ ਮਾਸਕ ਨਹੀਂ ਪਾ ਸਕਦੇ। ਹੋ ਸਕਦਾ ਹੈ ਕਿ ਉਨ੍ਹਾਂ ਦੀ ਕੋਈ ਮੈਡੀਕਲ ਕੰਡੀਸ਼ਨ ਹੋਵੇ, ਉਨ੍ਹਾਂ ਦੀ ਕੋਈ ਅਪਾਹਜਤਾ ਹੋਵੇ, ਇਸ ਲਈ ਯਾਦ ਰੱਖੋ ਕਿ ਹਰ ਇਕ ਨਾਲ ਸਤਿਕਾਰ ਭਰਿਆ ਵਰਤਾਉ ਕਰਨਾ ਹੈ, ਬੇਸ਼ੱਕ ਉਨ੍ਹਾਂ ਨੇ ਮਾਸਕ ਪਾਇਆ ਹੈ ਜਾਂ ਨਹੀਂ, ਇਸ ਦਾ ਕੋਈ ਚੰਗਾ ਕਾਰਨ ਹੋ ਸਕਦਾ ਹੈ। ਭਾਵੇਂ ਤੁਸੀਂ ਮਾਸਕ ਪਾਇਆ ਵੀ ਹੋਵੇ, ਫਿਰ ਵੀ ਆਪਣੇ ਸਿੱਖਣ ਵਾਲੇ ਗਰੁੱਪਾਂ (ਲਰਨਿੰਗ ਗਰੁੱਪਸ) ਤੋਂ ਬਾਹਰ ਹੋਣ ਦੇ ਸਮੇਂ ਦੌਰਾਨ ਸਟਾਫ ਅਤੇ ਵਿਦਿਆਰਥੀਆਂ ਲਈ ਇਕ ਦੂਜੇ ਤੋਂ ਜਿਸਮਾਨੀ ਦੂਰੀ ਬਣਾਈ ਰੱਖਣੀ ਜ਼ਰੂਰੀ ਹੈ। ਮਾਸਕ ਪਾਉਣ ਨਾਲ ਹਰ ਚੀਜ਼ ਤੋਂ ਸੁਰੱਖਿਆ ਨਹੀਂ ਹੁੰਦੀ, ਤੁਹਾਡੇ ਲਈ ਅਜੇ ਵੀ ਉਹ ਸਾਰੀਆਂ ਆਮ ਚੀਜ਼ਾਂ ਕਰਨ ਦੀ ਲੋੜ ਹੈ, ਜੋ ਤੁਸੀਂ ਕਰਦੇ ਹੋ।

ਸਕੂਲ ਖੁੱਲ੍ਹਣ ਦਾ ਦਿਨ ਸਾਡੇ ਸਿਰ 'ਤੇ ਹੈ। ਇਹ ਇਕ ਨਵਾਂ ਦੌਰ ਹੈ, ਇਕ ਨਵਾਂ ਸੰਸਾਰ ਹੈ। ਸਾਡੇ 75,000 ਵਿਦਿਆਰਥੀ ਹਨ, ਜਿਨ੍ਹਾਂ ਦਾ ਅਸੀਂ ਵੀਰਵਾਰ ਨੂੰ ਇਕ ਜਾਂ ਦੂਸਰੇ ਢੰਗ ਨਾਲ ਸਵਾਗਤ ਕਰਨਾ ਹੈ। ਆਪਣੇ ਬਾਰੇ ਮੈਂ ਤੁਹਾਨੂੰ ਇਹ ਦਸ ਸਕਦਾ ਹਾਂ, ਕਿ ਮੈਨੂੰ ਇਸ ਬਾਰੇ ਬਹੁਤ ਚਾਅ ਹੈ। ਆਪਸੀ ਸੰਚਾਰ (ਕਮਿਊਨੀਕੇਸ਼ਨ) ਬਹੁਤ ਮਹੱਤਵਪੂਰਨ ਹੈ। ਯਾਦ ਰੱਖੋ, ਸਭ ਤੋਂ ਵਧੀਆ ਜਾਣਕਾਰੀ ਤੁਹਾਡੇ ਸਕੂਲ ਤੋਂ ਆਉਣੀ ਹੈ। ਇਹ ਤੁਹਾਡੀ ਸਥਿਤੀ ਬਾਰੇ ਹੈ, ਇਹ ਤੁਹਾਡੇ ਬੱਚੇ ਬਾਰੇ ਹੈ, ਇਸ ਲਈ ਉਨ੍ਹਾਂ (ਤੁਹਾਡੇ ਸਕੂਲ) ਤੋਂ ਆਉਣ ਵਾਲੀ ਜਾਣਕਾਰੀ ਦਾ ਧਿਆਨ ਰੱਖੋ। ਅਤੇ ਇਹ ਸਪਸ਼ਟ ਹੈ, ਕਿ ਉਨ੍ਹਾਂ ਸਾਰੇ ਲੋਕਾਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਨੇ ਇਸ ਸਭ ਕੁਛ ਨੂੰ ਕਾਮਯਾਬ ਬਣਾਉਣ ਲਈ, ਸੰਭਵ ਤੌਰ 'ਤੇ ਇਸ ਨੂੰ ਜਿੰਨਾ ਕਾਮਯਾਬ ਬਣਾਇਆ ਜਾ ਸਕਦਾ ਸੀ ਉਨਾ ਕਾਮਯਾਬ ਬਣਾਉਣ ਲਈ, ਗਰਮੀਆਂ ਵਿੱਚ ਕੰਮ ਕੀਤਾ ਸੀ ਅਤੇ ਆਉਣ ਵਾਲੇ ਹਫਤਿਆਂ ਵਿੱਚ ਕੰਮ ਕਰਨਗੇ। ਸਹਾਇਕ ਸਟਾਫ ਦੇ ਮੈਂਬਰਾਂ, ਟੀਚਰਾਂ, ਜ਼ਿਲੇ ਦੇ ਸਟਾਫ ਦੇ ਮੈਂਬਰਾਂ, ਪ੍ਰਿੰਸੀਪਲਾਂ ਅਤੇ ਉੱਪ-ਪ੍ਰਿੰਸੀਪਲਾਂ ਦਾ ਬਹੁਤ ਬਹੁਤ ਧੰਨਵਾਦ। ਮੈਂ ਜਾਣਦਾ ਹਾਂ ਕਿ ਇਸ ਵੀਕ-ਇੰਡ 'ਤੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀ ਦੇ ਹੱਥਾਂ ਨਾਲ ਟਾਇਮਟੇਬਲ ਬਣਾਉਣ ਲਈ ਕਾਊਂਸਲਰ ਆਪਣੀ ਡਿਊਟੀ ਤੋਂ ਵੱਧ ਅਤੇ ਬਾਹਰ ਜਾ ਕੇ ਕੰਮ ਕਰ ਰਹੇ ਸਨ। ਮੈਂ ਜਾਣਦਾ ਹਾਂ ਕਿ ਪ੍ਰਿੰਸੀਪਲ ਅਤੇ ਉੱਪ-ਪ੍ਰਿੰਸੀਪਲ ਗਰਮੀਆਂ ਵਿੱਚ ਟਾਇਮਟੇਬਲ ਬਣਾ ਰਹੇ ਸਨ। ਅਸੀਂ ਆਪਣੇ ਫੈਸਿਲਟੀ ਸਟਾਫ (ਇਮਾਰਤਾਂ ਅਤੇ ਥਾਂਵਾਂ ਦੀ ਸੰਭਾਲ ਕਰਨ ਵਾਲੇ ਸਟਾਫ) ਵੱਲੋਂ ਸਿਹਤ ਅਤੇ ਸੁਰੱਖਿਆ ਦੇ ਸੰਬੰਧ ਵਿੱਚ ਅਤੇ ਸਾਡੇ ਸਕੂਲਾਂ ਨੂੰ ਤਿਆਰ ਕਰਨ ਲਈ ਕੀਤੇ ਕੰਮ ਨੂੰ ਯਾਦ ਕਰਦੇ ਹਾਂ। ਅਤੇ ਆਪਣੇ ਟੀਚਰਾਂ ਵੱਲੋਂ ਤਿਆਰੀ ਲਈ ਕੀਤੇ ਕੰਮ ਨੂੰ ਯਾਦ ਕਰਦੇ ਹਾਂ, ਅਤੇ ਇਹ ਯਾਦ ਕਰਦੇ ਹਾਂ ਕਿ ਉਹ ਲੰਮੇ ਬਲਾਕਾਂ ਦੇ ਇਕ ਨਵੇਂ ਦੌਰ ਵਿੱਚ ਦਾਖਲ ਹੋ ਰਹੇ ਹਨ। ਉਨ੍ਹਾਂ ਨੇ ਇਸ ਤਰ੍ਹਾਂ ਦੇ ਲੰਮੇ ਬਲਾਕਾਂ ਵਿੱਚ ਪਹਿਲਾਂ ਕਦੇ ਨਹੀਂ ਪੜ੍ਹਾਇਆ ਹੈ। ਇਸ ਲਈ ਇਹ ਉਨ੍ਹਾਂ ਤੋਂ ਕੀਤੀ ਗਈ ਇਕ ਵੱਡੀ ਮੰਗ ਹੈ ਅਤੇ ਉਨ੍ਹਾਂ ਦਾ ਬਹੁਤ ਬਹੁਤ ਧੰਨਵਾਦ।

ਮੈਂ ਜਾਣਦਾ ਹਾਂ ਇਕ ਮਾਪੇ ਵੱਜੋਂ ਤੁਸੀਂ ਜਿਸ ਵੀ ਚੀਜ਼ ਦੀ ਚੋਣ ਕਰੋਗੇ, ਤੁਹਾਨੂੰ ਉਸ ਲਈ ਚੰਗੀ ਸੇਵਾ ਪ੍ਰਦਾਨ ਕੀਤੀ ਜਾਵੇਗੀ, ਅਤੇ ਮੈਂ ਉਸ ਸਫਰ 'ਤੇ ਤੁਹਾਡੇ ਨਾਲ ਹੋਣ ਦੀ ਤਾਂਘ ਕਰ ਰਿਹਾ ਹਾਂ। ਉਮੀਦ ਹੈ ਕਿ ਸਕੂਲ ਖੁੱਲ੍ਹਣ ਦਾ ਤੁਹਾਡਾ ਹਫਤਾ ਵਧੀਆ ਰਹੇਗਾ। ਹਾਇਚਕੇ (ਫਸਟ ਨੇਸ਼ਨਜ਼ ਗਰੀਟਿੰਗਜ਼) । ਆਪਣਾ ਖਿਆਲ ਰੱਖਿਓ। ਤੰਦਰੁਸਤ ਰਹਿਓ ਅਤੇ ਇਕ ਵਾਰ ਫਿਰ ਧੰਨਵਾਦ।